Alberta

# ਪ੍ਰੈੱਸ ਰਿਲੀਜ਼

## 2023: ਐਲਬਰਟਾ ਨਿਵਾਸੀਆਂ ਦੀ ਸਹਾਇਤਾ ਕਰਨਾਂ

28 ਫਰਵਰੀ 2023

ਬੱਜਟ 2023 ਰੋਜ਼ਮੱਰਾ ਦੀਆਂ ਲੋੜਾਂ ਦੇ ਵਧੇਰੇ ਖਰਚਿਆਂ ਦਾ ਸਾਹਮਣਾ ਕਰ ਰਹੇ ਐਲਬਰਟਾ ਨਿਵਾਸੀਆਂ ਨੂੰ ਰਾਹਤ ਪ੍ਰਦਾਨ ਕਰਨ ਦੁਆਰਾ ਐਲਬਰਟਾ ਦੇ ਭਵਿੱਖ ਨੂੰ ਸੁਰੱਖਿਅਤ ਕਰ ਰਿਹਾ ਹੈ।

ਬੱਜਟ ਉੱਚ ਯੁਟਿ◌ਿਲਟੀ ਲਾਗਤਾਂ ਲਈ ਰਾਹਤ ਦਾ ਵਿਸਤਾਰ ਕਰਦਾ ਹੈ ਅਤੇ ਵਿ◌ਿਦਆਰਥੀਆਂ ਅਤੇ ਸਮਾਜਿਕ ਸੇਵਾਵਾਂ ਤੇ ਨਿੱਜੀ ਦੇਖਭਾਲ ਖੇਤਰਾਂ ਵਿਚਲੇ ਕਰਮਚਾਰੀਆਂ ਲਈ ਨਵੀਂ ਮਦਦ ਪ੍ਰਦਾਨ ਕਰਦਾ ਹੈ।

ਯੁਟਿ◌ਿਲਟੀ ਲਾਗਤਾਂ ਨੂੰ ਘੱਟ ਕਰਨ ਲਈ, ਐਲਬਰਟਾ ਸਰਕਾਰ ਕੁਦਰਤੀ ਗੈਸ ਰਿਬੇਟ ਪ੍ਰੋਗਰਾਮ ਨੂੰ ਸਥਾਈ ਤੌਰ 'ਤੇ ਵਧਾ ਰਹੀ ਹੈ। ਜਦੋਂ ਵੀ ਕੁਦਰਤੀ ਗੈਸ ਦੀਆਂ ਕੀਮਤਾਂ 6.50 ਡਾਲਰ ਪ੍ਰਤੀ ਗੀਗਾਜੂਲ ਤੋਂ ਉਤਾਂਹ ਜਾਂਦੀਆਂ ਹਨ, ਤਾਂ ਛੋਟ ਲਾਗੂ ਹੋ ਜਾਵੇਗੀ।

**ਵਿਦਿਆਰਥੀਆਂ ਦੀ ਸਹਾਇਤਾ ਕਰਨਾਂ**

ਪੋਸਟ-ਸੈਕੰਡਰੀ ਵਿਦਿਆਰਥੀ ਕਿਫਾਇਤੀ ਉਪਾਵਾਂ ਲਈ 238 ਮਿਲੀਅਨ ਡਾਲਰ ਮਿ◌ਿਲਆ ਦੇਖਣਗੇ। ਬੱਜਟ 2023 ਘਰੇਗੀ ਵਿਦਿਆਰਥੀਆਂ ਲਈ ਟਿਊਸ਼ਨ-ਫ਼ੀਸ ਦੇ ਵਾਧੇ ਨੂੰ ਵੀ ਦੋ ਪ੍ਰਤੀਸ਼ਤ ਤੱਕ ਸੀਮਤ ਕਰਦਾ ਹੈ। ਵਿੱਤੀ ਸਹਾਇਤਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਆਪਣੇ ਕਰਜ਼ੇ ਮੋੜਨ ਲਈ ਵਧੇਰੇ ਮਦਦ ਮਿਲੇਗੀ ਅਤੇ ਵਿਦਿਆਰਥੀ ਕਰਜ਼ਿਆਂ 'ਤੇ ਵਿਆਜ ਦਰ ਨੂੰ ਘੱਟ ਕਰਕੇ ਪ੍ਰਾਈਮ ਰੇਟ ਤੱਕ ਕਰ ਦਿੱਤਾ ਗਿਆ ਹੈ।

**ਪਰਿਵਾਰਾਂ ਦੀ ਸਹਾਇਤਾ ਕਰਨਾਂ**

ਯੋਗ ਬਣਦੇ ਪਰਿਵਾਰ ਜੂਨ 2023 ਤੱਕ 100 ਡਾਲਰ ਪ੍ਰਤੀ ਮਹੀਨਾ ਪ੍ਰਤੀ ਬੱਚਾ ਦੇ ਸਿੱਧੇ ਭੁਗਤਾਨਾਂ ਸਮੇਤ ਕਿਫਾਇਤੀ ਉਪਾਵਾਂ ਤੋਂ ਲਾਭ ਪ੍ਰਾਪਤ ਕਰਨਗੇ।
ਤਿੰਨ ਸਾਲਾਂ ਦੌਰਾਨ ਹੋਰ 90 ਮਿਲੀਅਨ ਡਾਲਰ 2023 ਵਿੱਚ ਬੈਨੇਫਿਟਾਂ ਦੀਆਂ ਰਕਮਾਂ ਵਿੱਚ ਛੇ ਪ੍ਰਤੀਸ਼ਤ ਵਾਧਾ ਕਰਨ ਦੁਆਰਾ ਐਲਬਰਟਾ ਚਾਈਲਡ ਐਂਡ ਫੈਮਿਲੀ ਬੈਨੇਫਿਟ ਨੂੰ ਮਹਿੰਗਾਈ ਨਾਲ ਇੰਡੈਕਸ ਕਰੇਗਾ/ਜੋੜੇਗਾ।

**ਸੀਨੀਅਰਾਂ ਅਤੇ ਹੋਰ ਕਮਜ਼ੋਰ ਐਲਬਰਟਾ ਨਿਵਾਸੀਆਂ ਦੀ ਸਹਾਇਤਾ ਕਰਨਾ**

65 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਸੀਨੀਅਰ, ਜਿੰਨ੍ਹਾਂ ਦੀ ਘਰੇਲੂ ਆਮਦਨ 2021 ਟੈਕਸ ਵਰ੍ਹੇ ਦੇ ਆਧਾਰ 'ਤੇ 180,000 ਤੋਂ ਘੱਟ ਹੈ, ਅਜੇ ਵੀ ਛੇ ਮਹੀਨਿਆਂ (ਜਨਵਰੀ

**ਸਬੰਧਿਤ ਜਾਣਕਾਰੀ**

Alberta.ca/Budget

**ਮੀਡੀਆ ਪੁੱਛਗਿੱਛ**

Charlotte Taillon
charlotte.taillon@gov.ab.ca
780-932-5381
ਪ੍ਰੈੱਸ ਸੈਕਟਰੀ, ਖਜ਼ਾਨਾਂ ਬੋਰਡ ਅਤੇ ਵਿੱਤ

Classification: Public

2023 - ਜੁਨ 2023) ਲਈ 100 ਪ੍ਰਤੀ ਮਹੀਨਾ ਦੇ ਸਿੱਧੇ ਭੁਗਤਾਨ ਪ੍ਰਾਪਤ ਕਰਨ ਦੇ ਯੋਗ ਹਨ।

ਐਲਬਰਟਾ ਨਿਵਾਸੀ, ਜਿਹੜੇ ਐਲਬਰਟਾ ਸੀਨੀਅਰਜ਼ ਬੈਨੇਫਿਟ, ਏ ਆਈ ਐੱਸ ਐੱਚ ਅਤੇ ਇਨਕਮ ਸੁਪੋਰਟ ਪ੍ਰਾਪਤ ਕਰਦੇ ਹਨ, ਛੇ ਮਹੀਨਿਆਂ ਦੌਰਾਨ 600 ਡਾਲਰ ਦੀਆਂ ਉਹੋ ਜਿਹੀਆਂ ਅਫੋਰਡੇਬਿਿਲਟੀ ਰਿਲੀਫ ਪੇਮੈਂਟਸ ਪ੍ਰਾਪਤ ਕਰਨ ਲਈ ਆਪਣੇ ਆਪ ਹੀ ਐਨਰੋਲ ਹੋ ਜਾਂਦੇ ਹਨ।

ਐਲਬਰਟਾ ਸਰਕਾਰ 2023 ਵਿੱਚ ਏ ਆਈ ਐੱਸ ਐੱਚ, ਇਨਕਮ ਸੁਪੋਰਟ ਅਤੇ ਐਲਬਰਟਾ ਸੀਨੀਅਰਜ਼ ਬੈਨੇਫਿਟ ਵਿੱਚ ਛੇ ਪ੍ਰਤੀਸ਼ਤ ਦੇ ਵਾਧੇ ਦੇ ਨਾਲ ਸੀਨੀਅਰਾਂ, ਘੱਟ ਆਮਦਨੀ ਵਾਲੇ ਅਤੇ ਕਮਜ਼ੋਰ ਐਲਬਰਟਾ ਨਿਵਾਸੀਆਂ ਦੀ ਅਗਾਂਹ ਹੋਰ ਸਹਾਇਤਾ ਕਰ ਰਹੀ ਹੈ।

ਘੱਟ ਆਮਦਨੀ ਵਾਲਿਆਂ ਲਈ ਟ੍ਰਾਂਜ਼ਿਟ ਪਾਸ ਪ੍ਰੋਗਰਾਮਾਂ ਦੀ ਸਹਾਇਤਾ ਕਰਨ ਲਈ ਬੱਜਟ 2023 ਕਿਫਾਇਤੀ ਆਵਾਜਾਈ ਲਈ 16 ਮਿਲੀਅਨ ਦਾ ਨਿਵੇਸ਼ ਕਰ ਰਿਹਾ ਹੈ।.

**ਸਮਾਜਿਕ ਸੇਵਾਵਾਂ ਅਤੇ ਡਿਸਏਬਿਿਲਟੀ ਸੇਵਾਵਾਂ ਦੇ ਵਰਕਰਾਂ ਦੀ ਸਹਾਇਤਾ ਕਰਨਾ**

ਸਰਕਾਰ ਹੋਰ ਜ਼ਿਆਦਾ ਲੋੜਵੰਦ ਲੋਕਾਂ ਦੀ ਸਹਾਇਤਾ ਕਰਨ ਲਈ ਵਧੇਰੇ ਸੋਸ਼ਲ ਸਰਵਿਸ ਵਰਕਰਾਂ ਨੂੰ ਖਿੱਚਣ ਅਤੇ ਉਹਨਾਂ ਨੂੰ ਨੌਕਰੀਆਂ 'ਤੇ ਬਣਾਈ ਰੱਖਣ ਲਈ ਮਦਦ ਕਰ ਰਹੀ ਹੈ। ਬੱਜਟ 2023 ਵਿੱਚ ਡਿਸਏਬਿਿਲਟੀ ਸੇਵਾਵਾਂ, ਬੇ-ਘਰਿਆਂ ਲਈ ਸ਼ੈਲਟਰਾਂ ਅਤੇ ਪਰਿਵਾਰਕ ਹਿੰਸਾ ਰੋਕਥਾਮ ਪ੍ਰੋਗਰਾਮਾਂ ਵਿਚਲੇ 20,000 ਤੋਂ ਵੱਧ ਵਰਕਰਾਂ ਦੀਆਂ ਤਨਖਾਹਾਂ ਵਿੱਚ ਵਾਧੇ ਲਈ 102 ਮਿਲੀਅਨ ਡਾਲਰ ਸ਼ਾਮਲ ਹਨ। ਇਹ ਸਰਕਾਰ ਦੁਆਰਾ ਫਰਵਰੀ ਵਿੱਚ ਤਨਖਾਹਾਂ ਵਿੱਚ ਵਾਧੇ ਲਈ ਸੇਵਾ ਪ੍ਰਦਾਨ-ਕਰਤਿਆਂ ਨੂੰ ਮੁਹੱਈਆ ਕੀਤੇ ਗਏ 24 ਮਿਲੀਅਨ ਡਾਲਰਾਂ ਵਿੱਚ ਕੀਤਾ ਗਿਆ ਹੋਰ ਵਾਧਾ ਹੈ।